Ph. 228571

# ਸਹਾਇਕ ਡਾਇਰੈਕਟਰ ਬਾਗਬਾਨੀ ਮਾਨਸਾ

## (ਵਿਭਾਗ ਜ਼ਿਲ੍ਹਾ ਮਾਨਸਾ)

ਸਾਲ 1979-80 ਵਿੱਚ ਬਾਗਬਾਨੀ ਵਿਭਾਗ ਦਾ ਵੱਖਰਾ ਡਾਇਰੈਕਟੋਰੇਟ ਕਾਇਮ ਕੀਤਾ ਗਿਆ। ਇਸ ਵਿਭਾਗ ਦਾ ਮੁੱਖ ਮੰਤਵ ਫਲ, ਸਬਜੀਆਂ, ਫੁੱਲ ਅਤੇ ਖੁੰਬਾਂ ਦੀ ਕਾਸਤ ਨੂੰ ਉਤਸ਼ਾਹਿਤ ਕਰਨਾ ਹੈ। ਜ਼ਿਲ੍ਹਾ ਮਾਨਸਾ ਦੇ ਬਾਗਬਾਨੀ ਵਿਭਾਗ ਦੀ ਕਾਰਗੁਜਾਰੀ ਇਸ ਪ੍ਰਕਾਰ ਹੈ :-

1. *ਬਣਤਰ:-* ਇਸ ਵਿਭਾਗ ਦੇ ਜ਼ਿਲ੍ਹਾ ਮੁਖੀ ਸਹਾਇਕ ਡਾਇਰੈਕਟਰ ਬਾਗਬਾਨੀ ਹਨ, ਜਿਨ੍ਹਾਂ ਦਾ ਦਫ਼ਤਰ ਪ੍ਰਬੰਧਕੀ ਕੰਪਲੈਕਸ, ਕਮਰਾ ਨੰ: 63-64 ਦੂਸਰੀ ਮੰਜ਼ਿਲ ਤੇ ਸਥਿਤ ਹੈ। ਇਸ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਬਾਗਬਾਨੀ ਵਿਕਾਸ ਅਫ਼ਸਰਾਂ ਦੀਆਂ ਚਾਰ ਪੋਸਟਾਂ ਮੰਨਜ਼ੂਰ ਹਨ, ਜਦੋਂ ਕਿ ਇਸ ਸਮੇਂ ਸਿਰਫ਼ ਇੱਕ ਹੀ ਬਾਗਬਾਨੀ ਵਿਕਾਸ ਅਫ਼ਸਰ ਕੰਮ ਕਰ ਰਿਹਾ ਹੈ, ਜੋ ਕਿ ਸਰਦੂਲਗੜ੍ਹ ਵਿਖੇ ਤਾਇਨਾਤ ਹੈ। ਬਾਕੀ ਜ਼ਿਲ੍ਹਾ ਹੈਡਕੁਆਟਰ ਮਾਨਸਾ, ਫਲ ਸਬਜੀਆਂ ਦੀ ਸਾਂਭ-ਸੰਭਾਲ ਲੈਬੋਰੇਟਰੀ ਮਾਨਸਾ, ਬਲਾਕ ਮਾਨਸਾ ਅਤੇ ਬਲਾਕ ਬੁਢਲਾਡਾ ਵਿਖੇ ਆਸਾਮੀਆਂ ਖਾਲੀ ਪਈਆਂ ਹਨ। ਮਾਨਸਾ ਜ਼ਿਲ੍ਹਾ ਹੈਡ ਕੁਆਟਰ ਤੇ ਇੱਕ ਸਬ-ਇੰਸਪੈਕਟਰ ਜਿਸ ਕੋਲ ਲੈਬੋਰੇਟਰੀ ਦਾ ਵੀ ਚਾਰਜ ਹੈ, ਕੰਮ ਕਰ ਰਿਹਾ ਹੈ। ਇੱਕ ਬਾਗਬਾਨੀ ਵਿਕਾਸ ਅਫ਼ਸਰ ਅਤੇ ਇੱਕ ਸਬ-ਇੰਸਪੈਕਟਰ ਸਾਰੇ ਜ਼ਿਲ੍ਹੇ ਦੇ ਵਿਕਾਸ ਕੰਮਾਂ ਦੀ ਦੇਖਭਾਲ ਕਰ ਰਹੇ ਹਨ। ਇਸ ਤੋਂ ਇਲਾਵਾ ਫਲ/ਸਬਜੀਆਂ ਤੋਂ ਪਦਾਰਥ ਤਿਆਰ ਕਰਨ ਅਤੇ ਘਰੇਲੂ ਸਵਾਣੀਆਂ ਅਤੇ ਸਕੂਲ/ਕਾਲਜਾਂ ਦੇ ਵਿਦਿਆਰਥੀਆਂ ਨੂੰ ਪਦਾਰਥ ਬਣਾਉਣ ਦੀ ਟਰੇਨਿੰਗ ਦੇਣੀ ਜਿਵੇਂ ਜੈਮ, ਸੁਕੈਸ਼, ਚਟਣੀ, ਮੁਰੱਬੇ ਅਤੇ ਅਚਾਰ ਆਦਿ ਸ਼ਾਮਿਲ ਹਨ। ਇਹ ਸਿਖਲਾਈ ਮੁਫ਼ਤ ਦਿੱਤੀ ਜਾਂਦੀ ਹੈ।

2. *ਪਸਾਰ ਸੇਵਾਵਾਂ:-* ਕਿਸਾਨਾਂ ਨੂੰ ਬਾਗਬਾਨੀ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹੇ ਵਿੱਚ ਤਿੰਨ ਬਾਗਬਾਨੀ ਵਿਕਾਸ ਅਫਸਰਾਂ ਦੀਆਂ ਅਸਾਮੀਆਂ ਹਨ ਜਦੋਂ ਕਿ ਜ਼ਿਲ੍ਹੇ ਵਿੱਚ ਇੱਕ ਹੀ ਬਾਗਬਾਨੀ ਵਿਕਾਸ ਅਫ਼ਸਰ ਕੰਮ ਕਰ ਰਿਹਾ ਹੈ ਅਤੇ ਦੂਸਰਾ ਬਾਗਬਾਨੀ ਸਬ-ਇੰਸਪੈਕਟਰ ਸਮੇਂ ਸਮੇਂ ਸਿਰ ਕਿਸਾਨਾਂ ਦੀਆਂ ਬਾਗਬਾਨੀ ਸਮੱਸਿਆਵਾਂ ਨੂੰ ਖੇਤਾਂ ਵਿੱਚ ਜਾ ਕੇ ਹੱਲ ਕਰਦੇ ਹਨ। ਤਕਨੀਕੀ ਜਾਣਕਾਰੀ ਪ੍ਰਾਪਤ ਕਰਨ ਲਈ ਕਿਸਾਨ ਆਪਣੇ ਨੇੜੇ ਦੇ ਬਾਗਬਾਨੀ ਵਿਕਾਸ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਦੇ ਦਫ਼ਤਰ ਮਾਨਸਾ, ਸਰਦੂਲਗੜ੍ਹ, ਬੁਢਲਾਡਾ ਵਿਖੇ ਸਥਿਤ ਹਨ।

3. *ਸਰਕਾਰੀ ਬਾਗ ਅਤੇ ਨਰਸਰੀਆਂ:-* ਇਸ ਜ਼ਿਲ੍ਹੇ ਵਿੱਚ ਸਰਕਾਰੀ ਬਾਗ ਅਤੇ ਨਰਸਰੀ ਕੋਈ ਵੀ ਨਹੀਂ ਹੈ। ਫਲਦਾਰ ਬੂਟਿਆਂ ਦੀ ਲੋੜ ਦੀ ਪੂਰਤੀ ਕਰਨ ਵਾਸਤੇ ਸਟੇਟ ਦੇ ਦੂਸਰੇ ਜ਼ਿਲ੍ਹਿਆਂ ਵਿੱਚੋਂ ਸਰਕਾਰੀ ਨਰਸਰੀਆਂ ਜਾਂ ਮਹਿਕਮੇ ਵੱਲੋਂ ਮੰਨਜ਼ੂਰਸ਼ੁਦਾ ਨਰਸਰੀਆਂ ਤੋਂ ਬੂਟਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਜ਼ਿਲ੍ਹੇ ਦਾ ਮੁੱਖ ਫਲ ਅੰਗੂਰ, ਬੇਰ, ਅਮਰੂਦ ਅਤੇ ਕਿੰਨੂੰ ਹੈ। ਕਿਸਾਨਾਂ ਨੂੰ ਚੰਗੇ ਫਲਦਾਰ ਅਤੇ ਫੁੱਲਦਾਰ ਬੂਟੇ ਉਪਲਬਧ ਕਰਵਾਉਣ ਲਈ ਜ਼ਿਲ੍ਹੇ ਵਿੱਚ ਸਰਕਾਰੀ ਬਾਗ ਅਤੇ ਨਰਸਰੀ ਦੀ ਸਖਤ ਜ਼ਰੂਰਤ ਹੈ।

4. *ਬਾਗ ਲਗਾਉਣ ਸਬੰਧੀ:-* ਜ਼ਿਲ੍ਹਾ ਮਾਨਸਾ ਪੌਣ-ਪਾਣੀ ਦੇ ਲਿਹਾਜ ਨਾਲ ਖੁਸ਼ਕ ਸੇਂਜੂ ਇਲਾਕੇ ਅਧੀਨ ਆਉਂਦਾ ਹੈ। ਜਿੱਥੇ ਬੇਰ, ਅੰਗੂਰ, ਅਮਰੂਦ, ਆਮਲਾ, ਆੜੂ, ਮਾਲਟਾ ਅਤੇ ਨਿੰਬੂ ਜਾਤੀ ਆਦਿ ਫਲ ਬੜੀ ਕਾਮਯਾਬੀ ਨਾਲ ਉਗਾਏ ਜਾ ਸਕਦੇ ਹਨ। ਬਾਗ ਲਗਾਉਣ ਦੇ ਦੋ ਮੁੱਖ ਮੌਸਮ ਹਨ। ਅਮਰੂਦ, ਨਿੰਬੂ ਜਾਤੀ, ਬੇਰ

ਫਰਵਰੀ, ਮਾਰਚ ਅਤੇ ਜੁਲਾਈ ਤੋਂ ਅਗਸਤ ਤੱਕ ਜਦੋਂ ਕਿ ਆੜੂ ਅਤੇ ਅਲੂਚਾ, ਅੰਗੂਰ ਦੇ ਬਾਗ ਅੱਧ ਦਸੰਬਰ ਤੋਂ ਜਨਵਰੀ ਅਖੀਰ ਤੱਕ ਲਗਾਏ ਜਾ ਸਕਦੇ ਹਨ। ਇਸ ਲਈ ਬਾਗ ਲਗਾਉਣ ਲਈ ਕਿਸਾਨਾਂ ਨੂੰ ਆਪਣੇ ਸਰਕਲ ਦੇ ਬਾਗਬਾਨੀ ਵਿਕਾਸ ਅਫਸਰ ਨੂੰ ਸਮੇਂ ਸਿਰ ਸੰਪਰਕ ਕਰਕੇ ਬਾਗ ਦੀ ਵਿਉਂਤਬੰਦੀ ਤੋਂ ਲੈ ਕੇ ਫਲ ਦੀ ਤੁੜਾਈ ਤੇ ਮੰਡੀਕਰਨ ਤੱਕ ਜਾਣਕਾਰੀ ਲੈਣੀ ਚਾਹੀਦੀ ਹੈ।

**5.** *ਹੋਰ ਸੇਵਾਵਾਂ:-*

(ੳ) ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਬਾਗ ਲਗਾਉਣ, ਖੁੰਬਾਂ ਦੀ ਕਾਸ਼ਤ, ਫੁੱਲਾਂ ਦੀ ਖੇਤੀ ਦੇ ਕਾਸ਼ਤ ਕਰਨ ਲਈ ਬੈਂਕਾਂ ਤੋਂ ਸੰਸਥਾਵੀਂ ਕਰਜਿਆਂ ਦਾ ਪ੍ਰਬੰਧ ਵੀ ਕਰਵਾ ਕੇ ਦਿੱਤਾ ਜਾਂਦਾ ਹੈ।

(ਅ) *ਖੁੰਭਾਂ ਦੀ ਕਾਸ਼ਤ:-* ਆਮ ਲੋਕਾਂ ਨੂੰ ਸੰਤੁਲਿਤ ਭੋਜਨ ਮੁਹੱਈਆ ਕਰਾਉਣ ਦੇ ਟੀਚੇ ਨਾਲ ਵਿਭਾਗ ਖੁੰਬਾਂ ਅਤੇ ਢੀਂਗਰੀ ਦੀ ਕਾਸ਼ਤ ਲਈ ਤਕਨੀਕੀ ਜਾਣਕਾਰੀ ਦਿੰਦਾ ਹੈ ਅਤੇ ਬੀਜ ਦਾ ਪ੍ਰਬੰਧ ਕਰਕੇ ਦਿੰਦਾ ਹੈ। ਪੰਜਾਬ ਦੇ ਮੌਸਮ ਦੇ ਅਨੁਕੂਲ ਖੁੰਬਾਂ ਦੀ ਬਿਜਾਈ ਮਹੀਨਾ ਸਤੰਬਰ ਤੋਂ ਜਨਵਰੀ ਤੱਕ ਅਤੇ ਢੀਂਗਰੀ ਦੀ ਬਿਜਾਈ ਅਕਤੂਬਰ ਤੋਂ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਇਨ੍ਹਾਂ ਦੀ ਕਾਸ਼ਤ ਕਰਨ ਲਈ ਬੀਜ ਦਾ ਪ੍ਰਬੰਧ ਅਗਾਊਂ ਕਰਨਾ ਚਾਹੀਦਾ ਹੈ।

(ੲ) *ਫੁੱਲਾਂ ਦੀ ਖੇਤੀ:-* ਫੁੱਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਇਨ੍ਹਾਂ ਦੀ ਕਾਸ਼ਤ ਲਈ ਤਕਨੀਕੀ ਜਾਣਕਾਰੀ ਅਤੇ ਬੀਜਾਂ ਦਾ ਪ੍ਰਬੰਧ ਵੀ ਕਰਦਾ ਹੈ।

(ਸ) *ਸਿਖਲਾਈ ਕੈਂਪ:-* ਕਿਸਾਨਾਂ ਨੂੰ ਬਾਗਬਾਨੀ ਫਸਲਾਂ ਸਬੰਧੀ ਜਾਣਕਾਰੀ ਦੇਣ ਲਈ ਅਤੇ ਇਨ੍ਹਾਂ ਫਸਲਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸਾਲ ਜ਼ਿਲ੍ਹਾ ਪੱਧਰ ਅਤੇ ਪਿੰਡ ਪੱਧਰ ਦੇ 10 ਸਿਖਲਾਈ ਕੈਂਪ ਲਾਏ ਜਾਂਦੇ ਹਨ।

**6.** *ਸਕੀਮਾਂ:-*

(ੳ) *ਰਾਜ ਸਰਕਾਰ:-*

ਸਬਸਿਡੀ ਉਪਲੱਬਧ ਹੋਣ ਤੇ ਫਲ, ਫੁੱਲ ਤੇ ਸਬਜੀਆਂ ਦੀ ਕਾਸ਼ਤ ਕਰਨ ਵਾਲੇ ਸੀਮਾਂਤ ਕਿਸਾਨਾਂ ਨੂੰ ਇਨ੍ਹਾਂ ਦੀ ਸਾਂਭ-ਸੰਭਾਲ ਲਈ ਬੂਟੇ, ਕੰਡੇਦਾਰ ਤਾਰ ਅਤੇ ਸਪਰੇ ਪੰਪ 50% ਸਬਸਿਡੀ ਤੇ ਸਪਲਾਈ ਕੀਤੇ ਜਾਂਦੇ ਹਨ।

(ਅ) *ਕੇਂਦਰ ਸਰਕਾਰ:-*

ਖੇਤੀ ਵਿੱਚ ਪਲਾਸਟਿਕ ਦੀ ਵਰਤੋਂ ਨਾਲ ਫਲ ਅਤੇ ਸਬਜੀਆਂ ਦੇ ਰੱਖ-ਰਖਾਵਾਂ ਅਤੇ ਪੈਦਾਵਾਰ ਲਈ ਪੋਲੀਗਰੀਨ ਹਾਊਸ, ਸ਼ੈਡ ਹਾਊਸ, ਲੋਟਨਲਿੰਗ ਅਤੇ ਪਲਾਸਟਿਕ ਕਰੇਟਾਂ ਤੇ 50% ਸਬਸਿਡੀ ਦਿੱਤੀ ਜਾਂਦੀ ਹੈ।

**7.** *ਮੰਡੀਕਰਨ:-*

ਕਿਸਾਨਾਂ ਨੂੰ ਮੰਡੀਕਰਨ ਲਈ ਫਲਾਂ ਦੀ ਸਾਂਭ-ਸੰਭਾਲ ਲਈ ਗਰੇਡਿੰਗ ਅਤੇ ਵੈਕਸਿੰਗ ਕਰਨ ਲਈ 50% ਸਬਸਿਡੀ ਦਿੱਤੀ ਜਾਂਦੀ ਹੈ। ਦੂਸਰੇ ਰਾਜਾਂ ਵਿੱਚ ਫਲਾਂ ਨੂੰ ਲਿਜਾਣ ਲਈ ਢੋਆ-ਢੁਆਈ ਦੇ ਖਰਚੇ ਤੇ ਵੀ 20% ਸਬਸਿਡੀ ਦੇਣ ਦੀ ਸਰਕਾਰ ਦੀ ਤਜ਼ਵੀਜ ਹੈ। ਵਧੇਰੇ ਜਾਣਕਾਰੀ ਲਈ ਬਾਗਬਾਨੀ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।